ਮੀਟਿੰਗ ਦੀ ਕਾਰਵਾਈ ਜੋ ਮਿਤੀ 9-1-24 ਨੂੰ **Raising and Strengthening of NH-71 to ODR-12 via Sullar Dhandoli Kalan, Chhahar Rogla (MDR-85) under CRIF Scheme for the year 2023-24** ਰਕਮ 510.93 ਲੱਖ ਰੁਪਏ, ਜਮਾਨਤੀ ਰਕਮ 10.22 ਲੱਖ ਰੁਪਏ ਅਤੇ ਸਮਾਂ 11 ਮਹੀਨੇ ਸਬੰਧੀ ਕੀਤੀ ਗਈ।

ਮੁੱਖ ਇੰਜੀਨੀਅਰ (ਸਾਊਥ) ਪੰਜਾਬ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਪਟਿਆਲਾ ਦੇ ਪੱਤਰ ਨੰਬਰ 5285-88/ਰੋਡ-1/ਪੀ.ਆਰ. ਮਿਤੀ 11-8-2015 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ (ਖਜਾਨਾ ਤੇ ਲੇਖਾ) ਵਿੱਤ ਤੇ ਯੋਜਨਾ ਭਵਨ, ਚੰਡੀਗੜ੍ਹ ਜੀ ਦੇ ਪਿੱਠਅੰਕਣ ਨੰ: ਟੀ.ਏ.(ਐਸ-1)2022/ਕੰਪਿ: ਨੰ: 336982/4220-25 ਮਿਤੀ 17-6-2022 ਰਾਂਹੀ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਹਲਕਾ ਸੰਗਰੂਰ ਦੇ ਕੰਮਾਂ ਦੇ ਟੈਂਡਰਾਂ ਦਾ ਮੁਲਾਂਕਣ ਕਰਨ ਲਈ ਗਠਿਤ ਕੀਤੀ ਗਈ ਹੈ:-

1. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਸੰਗਰੂਰ।
2. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਫਰੀਦਕੋਟ।
3. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ, ਸੰਗਰੂਰ।
4. ਡਿਪਟੀ ਕੰਨਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ (ਮਾਲ), ਸੰਗਰੂਰ।

Raising and Strengthening of NH-71 to ODR-12 via Sullar Dhandoli Kalan, Chhahar Rogla (MDR-85) under CRIF Scheme for the year 2023-24 ਰਕਮ 510.93 ਲੱਖ ਰੁਪਏ ਦੇ ਟੈਂਡਰ ਬਿੱਡ ਨੋਟਿਸ ਨੰ. 53 ਮਿਤੀ 07.11.2023 ਰਾਂਹੀ ਮੰਗੇ ਗਏ ਸਨ। ਟੈਂਡਰ ਡਾਕੂਮੈਂਟਸ ਮਿਤੀ 29.11.2023 ਦੁਪਹਿਰ 11.00 ਵਜੇ ਤੱਕ ਵੈਬਸਾਇਟ http://eprocure.gov.in. ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 30.11.2023 ਨੂੰ ਸ਼ਾਮ 4:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ। ਮਿਤੀ 30.11.2023 ਨੂੰ ਸ਼ਾਮ 4:00 ਵਜੇ ਉਪਰੋਕਤ ਵੈਬਸਾਇਟ ਤੋਂ ਪ੍ਰਾਪਤ ਹੋਈਆ ਟੈਕਨੀਕਲ ਬਿੱਡਾ ਡਾਊਨਲੋਡ ਕੀਤੀਆਂ ਗਈਆਂ।ਇਸ ਕੰਮ ਲਈ ਹੇਠ ਲਿਖੀਆਂ ਤਿੰਨ ਏਜੰਸੀਆਂ ਵੱਲੋਂ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਸਨ:-

1. ਮੈ/ਸ: ਬੀ. ਐਸ. ਬਿਲਡਰਜ਼, ਦਿੜਬਾ।
2. ਮੈ/ਸ: ਗੁਪਤਾ ਬਿਲਡਰਜ਼, ਸੁਨਾਮ।
3. ਮੈ/ਸ: ਵਰਿੰਦਰ ਕੁਮਾਰ ਕੰਨਟਰੈਕਟਰ, ਬਰਨਾਲਾ।

ਉਕਤ ਏਜੰਸੀਆਂ ਵੱਲੋ ਟੈਂਡਰ ਫੀਸ ਅਤੇ ਜਮਾਨਤੀ ਰਕਮ ਨੈੱਟ ਬੈਂਕਿੰਗ ਰਾਹੀ ਜਮ੍ਹਾਂ ਕਰਵਾਈ ਗਈ ਹੈ। ਉਕਤ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਦਾ ਮੁਲਾਂਕਣ ਗਠਿਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਕੀਤਾ ਗਿਆ। ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਦੀ ਬਿੱਡ Batch Type Hot Mix Plant ਨਾਂ ਹੋਣ ਕਾਰਣ ਨਾਨ-ਰਿਸਪੋਨਸਿਵ ਪਾਈ ਗਈ।ਮੈ/ਸ: ਵਰਿੰਦਰ ਕੁਮਾਰ ਕੰਨਟਰੈਕਟਰ, ਬਰਨਾਲਾ ਦਾ Batch Type Hot Mix Plant ਪੰਜ ਸਾਲ ਤੋਂ ਵੱਧ ਪੁਰਾਣਾ ਹੋਣ ਕਾਰਣ approved DNIT ਦੇ Section-5 (Technical Sepcifications) Notes & Conditions of DNIT ਦੀ ਲੜੀ ਨੰ: 27 ਅਨੁਸਾਰ ਇਸ ਏਜੰਸੀ ਦੀ ਬਿੱਡ ਵੀ ਨਾਨ-ਰਿਸਪੋਨਸਿਵ ਪਾਈ ਗਈ। ਇਨ੍ਹਾਂ ਦੋ ਏਜੰਸੀਆਂ ਦੀ ਬਿੱਡ ਨਾਨ-ਰਿਸਪੋਨਸਿਵ ਹੋਣ ਕਾਰਣ ਇਹ ਸਿੰਗਲ ਟੈਂਡਰ ਰਹਿ ਜਾਂਦਾ ਹੈ।ਜਿਸ ਕਾਰਣ ਕਮੇਟੀ ਵੱਲੋਂ ਇਸ ਕੰਮ ਦਾ ਟੈਂਡਰ ਰੀ-ਕਾਲ ਕਰਨ ਲਈ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਸੰਗਰੂਰ ਨੂੰ ਅਗਲੇਰੀ ਕਾਰਵਾਈ ਲਈ ਹਦਾਇਤ ਕੀਤੀ ਗਈ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ ਭ ਤੇ ਮ ਸ਼ਾਖਾ,
ਸੰਗਰੂਰ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ,ਭ ਤੇ ਮ ਸ਼ਾਖਾ,
ਫਰੀਦਕੋਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਡਿਪਟੀ ਕੰਨਟਰੋਲਰ (ਵਿਤ ਤੇ ਲੇਖਾ),
ਅੰਦਰੂਨੀ ਪੜਤਾਲ ਸੰਸਥਾ (ਮਾਲ),
ਸੰਗਰੂਰ।